## ਕਾਲ ਬਦਲ ਕੇ ਦੁਬਾਰਾ ਵਾਕ ਲਿਖੋ।

1. ਉਹ ਮੇਲਾ ਵੇਖਣ ਗਏ ਹੋਣਗੇ।
ਵਰਤਮਾਨ-ਉਹ ਮੇਲਾ ਵੇਖਣ ਗਏ ਹਨ।
ਭੂਤਕਾਲ-ਉਹ ਮੇਲਾ ਵੇਖਣ ਗਏ ਸਨ।

2. ਪੰਛੀ ਸਵੇਰ ਵੇਲੇ ਚਹਿਚਹਾ ਰਹੇ ਹਨ।
ਭੂਤਕਾਲ-ਪੰਛੀ ਸਵੇਰ ਵੇਲੇ ਚਹਿਚਹਾ ਰਹੇ ਸਨ।
ਭਵਿੱਖ ਕਾਲ-ਪੰਛੀ ਸਵੇਰ ਵੇਲੇ ਚਹਿਚਹਾ ਰਹੇ ਹੋਣਗੇ।

3.ਮੁੱਖ ਅਧਿਆਪਕ ਜੀ ਭਾਸ਼ਣ ਦਿੰਦੇ ਹਨ।
ਭੂਤਕਾਲ-ਮੁੱਖ ਅਧਿਆਪਕ ਜੀ ਭਾਸ਼ਣ ਦਿੰਦੇ ਸਨ।
ਭਵਿੱਖ ਕਾਲ-ਮੁੱਖ ਅਧਿਆਪਕ ਜੀ ਭਾਸ਼ਣ ਦੇਣਗੇ।

4. ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਸਨ।
ਵਰਤਮਾਨ ਕਾਲ-ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਹਨ।
ਭਵਿੱਖ ਕਾਲ-ਸਾਡੇ ਬਜ਼ੁਰਗ ਲੱਸੀ ਪੀਣਗੇ ਤੇ ਗੁੜ ਖਾਣਗੇ।

5. ਲੋਕ ਭਲੇ ਆਦਮੀ ਨੂੰ ਪਿਆਰ ਕਰਦੇ ਸਨ।
ਵਰਤਮਾਨ ਕਾਲ-ਲੋਕ ਭਲੇ ਆਦਮੀ ਨੂੰ ਪਿਆਰ ਕਰਦੇ ਹਨ।
ਭਵਿੱਖ ਕਾਲ-ਲੋਕ ਭਲੇ ਆਦਮੀ ਨੂੰ ਪਿਆਰ ਕਰਨਗੇ।

6. ਉਹ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਦਾ ਹੈ।
ਭੂਤਕਾਲ-ਉਹ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਦਾ ਸੀ।
ਭਵਿੱਖ ਕਾਲ-ਉਹ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰੇਗਾ।

7. ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਵਾਂਗੇ।
ਭੂਤਕਾਲ-ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਂਦੇ ਹਾਂ।
ਵਰਤਮਾਨ ਕਾਲ-ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਂਦੇ ਸਾਂ।

8. ਪ੍ਰਿੰਸੀਪਲ ਸਾਹਿਬ ਭਾਸ਼ਣ ਦੇ ਰਹੇ ਹੋਣਗੇ।
ਵਰਤਮਾਨ ਕਾਲ-ਪ੍ਰਿੰਸੀਪਲ ਸਾਹਿਬ ਭਾਸ਼ਣ ਦੇ ਰਹੇ ਹਨ।
ਭੂਤਕਾਲ-ਪ੍ਰਿੰਸੀਪਲ ਸਾਹਿਬ ਭਾਸ਼ਣ ਦੇ ਰਹੇ ਸਨ।

9. ਮਨਜੀਤ ਸੁਨੀਤਾ ਨੂੰ ਸਮਝਾ ਰਹੀ ਹੈ।
ਭੂਤਕਾਲ-ਮਨਜੀਤ ਸੁਨੀਤਾ ਨੂੰ ਸਮਝਾ ਰਹੀ ਸੀ।
ਭਵਿੱਖ ਕਾਲ-ਮਨਜੀਤ ਸੁਨੀਤਾ ਨੂੰ ਸਮਝਾ ਰਹੀ ਹੋਵੇਗੀ।

10. ਮੀਂਹ ਪੈ ਰਿਹਾ ਸੀ।
ਵਰਤਮਾਨ ਕਾਲ-ਮੀਂਹ ਪੈ ਰਿਹਾ ਹੈ।
ਭਵਿੱਖ ਕਾਲ-ਮੀਂਹ ਪੈ ਰਿਹਾ ਹੋਵੇਗਾ।

11. ਬੇਬੇ ਦਾਣੇ ਭੁੰਨਦੀ ਹੈ।
ਭੂਤਕਾਲ-ਬੇਬੇ ਦਾਣੇ ਭੁੰਨਦੀ ਸੀ।
ਭਵਿੱਖ ਕਾਲ- ਬੇਬੇ ਦਾਣੇ ਭੁੰਨੇਗੀ।

12. ਹਰਭਜਨ ਕੁੱਲਜਿੰਦਰ ਨੂੰ ਕਹਾਣੀ ਸੁਣਾ ਰਿਹਾ ਸੀ।
ਵਰਤਮਾਨ ਕਾਲ- ਹਰਭਜਨ ਕੁੱਲਜਿੰਦਰ ਨੂੰ ਸੁਣਾ ਰਿਹਾ ਹੈ।
ਭਵਿੱਖ ਕਾਲ- ਹਰਭਜਨ ਕੁੱਲਜਿੰਦਰ ਨੂੰ ਕਹਾਣੀ ਸੁਣਾ ਰਿਹਾ ਹੋਵੇਗਾ।

13. ਰਿੰਕਲ ਪਹਿਲੇ ਦਰਜੇ ਤੇ ਆਉਂਦਾ ਹੈ ਅਤੇ ਇਨਾਮ ਜਿੱਤਦਾ ਹੈ।
ਭੂਤਕਾਲ- ਰਿੰਕਲ ਪਹਿਲੇ ਦਰਜੇ ਤੇ ਆਉਂਦਾ ਸੀ ਅਤੇ ਇਨਾਮ ਜਿੱਤਦਾ ਸੀ।
ਭਵਿੱਖ ਕਾਲ- ਰਿੰਕਲ ਪਹਿਲੇ ਦਰਜੇ ਤੇ ਆਵੇਗਾ ਅਤੇ ਇਨਾਮ ਜਿੱਤੇਗਾ।

14. ਮੋਹਨ ਸੋਹਨ ਨੂੰ ਕੁੱਟ ਰਿਹਾ ਹੈ।
ਭੂਤਕਾਲ- ਮੋਹਨ ਸੋਹਨ ਨੂੰ ਕੁੱਟ ਰਿਹਾ ਸੀ।
ਭਵਿੱਖ ਕਾਲ- ਮੋਹਨ ਸੋਹਨ ਨੂੰ ਕੁੱਟ ਰਿਹਾ ਹੋਵੇਗਾ।

15. ਮੁੱਖ ਅਧਿਆਪਕ ਜੀ ਭਾਸ਼ਣ ਦੇ ਚੁੱਕੇ ਸਨ।
ਵਰਤਮਾਨ ਕਾਲ- ਮੁੱਖ ਅਧਿਆਪਕ ਜੀ ਭਾਸ਼ਣ ਦੇ ਚੁੱਕੇ ਹਨ।
ਭਵਿੱਖ ਕਾਲ-ਮੁੱਖ ਅਧਿਆਪਕ ਜੀ ਭਾਸ਼ਣ ਦੇ ਚੁੱਕੇ ਹੋਣਗੇ।

16. ਨੇਤਾ ਜੀ ਭਾਸ਼ਣ ਦੇ ਰਹੇ ਸਨ ਪਰ ਸਰੋਤੇ ਊਂਘ ਰਹੇ ਸਨ।
ਵਰਤਮਾਨ ਕਾਲ- ਨੇਤਾ ਜੀ ਭਾਸ਼ਣ ਦੇ ਰਹੇ ਹਨ ਪਰ ਸਰੋਤੇ ਊਂਘ ਰਹੇ ਹਨ।
ਭਵਿੱਖ ਕਾਲ- ਨੇਤਾ ਜੀ ਭਾਸ਼ਣ ਦੇ ਰਹੇ ਹੋਣਗੇ ਪਰ ਸਰੋਤੇ ਊਂਘ ਰਹੇ ਹੋਣਗੇ।

17. ਮੈਂ ਤੇਰੀ ਮਦਦ ਨਹੀਂ ਕਰ ਸਕਦਾ।
ਭੂਤਕਾਲ- ਮੈਂ ਤੇਰੀ ਮਦਦ ਨਹੀਂ ਕਰ ਸਕਿਆ।
ਭਵਿੱਖ ਕਾਲ- ਮੈਂ ਤੇਰੀ ਮਦਦ ਨਹੀਂ ਕਰ ਸਕਾਂਗਾ ।

18. ਅਧਿਆਪਕ ਪੜ੍ਹਾ ਰਿਹਾ ਹੈ ਅਤੇ ਬੱਚੇ ਖੇਡ ਰਹੇ ਹਨ।
ਭੂਤਕਾਲ- ਅਧਿਆਪਕ ਪੜ੍ਹਾ ਰਿਹਾ ਸੀ ਅਤੇ ਬੱਚੇ ਖੇਡ ਰਹੇ ਸਨ ।
ਭਵਿੱਖ ਕਾਲ- ਅਧਿਆਪਕ ਪੜ੍ਹਾ ਰਿਹਾ ਹੋਵੇਗਾ ਅਤੇ ਬੱਚੇ ਖੇਡ ਰਹੇ ਹੋਣਗੇ ।

19.ਬੱਦਲ ਸਵੇਰ ਤੋਂ ਗਰਜ ਰਹੇ ਹਨ।
ਭੂਤਕਾਲ- ਬੱਦਲ ਸਵੇਰ ਤੋਂ ਗਰਜ ਰਹੇ ਸਨ।
ਭਵਿੱਖ ਕਾਲ-ਬੱਦਲ ਸਵੇਰ ਤੋਂ ਗਰਜ ਰਹੇ ਹੋਣਗੇ ।

20. ਮੁੰਡੇ ਭੰਗੜਾ ਪਾਉਂਦੇ ਹਨ।
ਭੂਤਕਾਲ- ਮੁੰਡੇ ਭੰਗੜਾ ਪਾਉਂਦੇ ਸਨ।
ਭਵਿੱਖ ਕਾਲ- ਮੁੰਡੇ ਭੰਗੜਾ ਪਾਉਣਗੇ ।

21. ਮੈਥੋਂ ਮੰਦਾ ਬੋਲਿਆ ਜਾਂਦਾ ਹੈ।
ਭੂਤਕਾਲ-ਮੈਥੋਂ ਮੰਦਾ ਬੋਲਿਆ ਜਾਂਦਾ ਸੀ।
ਭਵਿੱਖ ਕਾਲ-ਮੈਥੋਂ ਮੰਦਾ ਬੋਲਿਆ ਜਾਵੇਗਾ।

22. ਉਹ ਆ ਰਿਹਾ ਏ।ਕੀ ਤਸੀਂ ਮਿਲਣਾ ਹੈ?
ਭੂਤਕਾਲ-ਉਹ ਆ ਰਿਹਾ ਸੀ।ਕੀ ਤੁਸੀਂ ਮਿਲਣਾ ਸੀ ?
ਭਵਿੱਖ ਕਾਲ-ਉਹ ਆ ਰਿਹਾ ਹੋਵੇਗਾ।ਕੀ ਤੁਸੀਂ ਮਿਲੋਗੇ?

23. ਜਪਲੀਨ ਬਹੁਤ ਹੋਣਹਾਰ ਮੁੰਡਾ ਹੈ।
ਭੂਤਕਾਲ- ਜਪਲੀਨ ਬਹੁਤ ਹੋਣਹਾਰ ਮੁੰਡਾ ਸੀ।
ਭਵਿੱਖ ਕਾਲ-ਜਪਲੀਨ ਬਹੁਤ ਹੋਣਹਾਰ ਮੁੰਡਾ ਹੋਵੇਗਾ।

24.ਮੁਲਕ ਮਾਹੀ ਦਾ ਵੱਸੇ-ਕੋਈ ਰੋਵੇ ਕੋਈ ਹੱਸੇ।
ਵਰਤਮਾਨ ਕਾਲ- ਮੁਲਕ ਮਾਹੀ ਦਾ ਵੱਸਦਾ ਹੈ-ਕੋਈ ਰੋਂਦਾ ਹੈ,ਕੋਈ ਹੱਸਦਾ ਹੈ।
ਭਵਿੱਖ ਕਾਲ-ਮੁਲਕ ਮਾਹੀ ਦਾ ਵੱਸੇਗਾ-ਕੋਈ ਰੋਵੇਗਾ, ਕੋਈ ਹੱਸੇਗਾ ।

25.ਕਈ ਲੋਕ ਚੰਗਾ ਖਾਂਦੇ ਹਨ,ਪਰ ਮੰਦਾ ਬੋਲਦੇ ਹਨ।
ਭੂਤਕਾਲ-ਕਈ ਲੋਕ ਚੰਗਾ ਖਾਂਦੇ ਸਨ,ਪਰ ਮੰਦਾ ਬੋਲਦੇ ਸਨ।
ਭਵਿੱਖ ਕਾਲ-ਕਈ ਲੋਕ ਚੰਗਾ ਖਾਣਗੇ,ਪਰ ਮੰਦਾ ਬੋਲਣਗੇ।

26.ਘਰ-ਘਰ ਦੀਵਾਲੀ ਮਨਾਈ ਜਾਵੇਗੀ।
ਭੂਤਕਾਲ-ਘਰ-ਘਰ ਦੀਵਾਲੀ ਮਨਾਈ ਜਾਂਦੀ ਸੀ।
ਵਰਤਮਾਨ ਕਾਲ- ਘਰ-ਘਰ ਦੀਵਾਲੀ ਮਨਾਈ ਜਾਂਦੀ ਹੈ।

27.ਉਹ ਕਬੱਡੀ ਖੇਡਣ ਗਏ ਹੋਣਗੇ।
ਵਰਤਮਾਨ ਕਾਲ- ਉਹ ਕਬੱਡੀ ਖੇਡਣ ਜਾਂਦੇ ਹਨ।
ਭੂਤਕਾਲ-ਉਹ ਕਬੱਡੀ ਖੇਡਣ ਜਾਂਦੇ ਸਨ।

28.ਆਸ਼ੀਆ ਪਹਿਲੇ ਦਰਜੇ ਤੇ ਆਵੇਗੀ।
ਭੂਤਕਾਲ-ਆਸ਼ੀਆ ਪਹਿਲੇ ਦਰਜੇ ਤੇ ਆਈ ਸੀ।
ਵਰਤਮਾਨ ਕਾਲ-ਆਸ਼ੀਆ ਪਹਿਲੇ ਆਈ ਹੈ।

29.ਵਿਦਿਆਰਥੀ ਖੇਡਾਂ ਵਿੱਚ ਭਾਗ ਲੈਂਦੇ ਹਨ।
ਭਵਿੱਖ ਕਾਲ-ਵਿਦਿਆਰਥੀ ਖੇਡਾਂ ਵਿੱਚ ਭਾਗ ਲੈਣਗੇ।
ਭੂਤਕਾਲ-ਵਿਦਿਆਰਥੀ ਖੇਡਾਂ ਵਿੱਚ ਭਾਗ ਲੈਂਦੇ ਸਨ।

30.ਉਹ ਬਾਗ ਵਿੱਚ ਸੈਰ ਕਰ ਰਹੇ ਹੋਣਗੇ।
ਵਰਤਮਾਨ ਕਾਲ-ਉਹ ਬਾਗ ਵਿੱਚ ਸੈਰ ਕਰ ਰਹੇ ਹਨ।
ਭੂਤਕਾਲ-ਉਹ ਬਾਗ ਵਿੱਚ ਸੈਰ ਕਰ ਰਹੇ ਸਨ।